# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

**ਨੰਬਰ: MA/** 2734

## ਹੁਕਮ

ਜਦੋਂ ਕਿ ਵਿਸ਼ਵ ਸਿਹਤ ਸੰਗਠਨ (ਡਬਲਯੂ.ਐਚ.ਓ.) ਵਲੋਂ ਕੋਵਿਡ-19 ਨੂੰ ਪਹਿਲਾਂ ਹੀ ਮਹਾਂਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਰਾਸ਼ਟਰੀ ਆਫਤ ਪ੍ਰਬੰਧਨ ਅਥਾਰਟੀ ਵਲੋਂ ਵੀ ਕੋਵਿਡ-19 ਮਹਾਂਮਾਰੀ ਨੂੰ ਦੇਸ਼ ਲਈ ਖਤਰਾ ਮੰਨਦੇ ਹੋਏ ਪੂਰੇ ਦੇਸ਼ ਵਿੱਚ ਤਾਲਾਬੰਦੀ (ਲਾਕਡਾਉਨ) ਦਾ ਐਲਾਨ ਕੀਤਾ ਜਾ ਚੁੱਕਾ ਹੈ।

ਇਸ ਲਈ ਜਿਲ੍ਹਾ ਪਠਾਨਕੋਟ ਵਿੱਚ ਕੋਵਿਡ-19 ਦੇ ਮੱਦੇਨਜ਼ਰ ਇਸ ਕੋਰੋਨਾ ਵਾਇਰਸ ਦੇ ਪ੍ਰਕੋਪ ਤੋਂ ਬਚਣ ਲਈ ਤੁਰੰਤ ਪ੍ਰਭਾਵ ਤੋਂ "**COVID-19 Awareness & Monitoring Programme**" ਸ਼ੁਰੂ ਕੀਤਾ ਜਾ ਰਿਹਾ ਹੈ। ਲਿਹਾਜਾ Epidemic Diseases Act, 1897 ਅਤੇ Disaster Management Act, 2005 ਤਹਿਤ ਦਿੱਤੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਮੂਹ ਚੋਣ ਅਮਲੇ ਨੂੰ ਉਪਰੋਕਤ ਪ੍ਰੋਗਰਾਮ ਤਹਿਤ ਹੇਠ ਅਨੁਸਾਰ ਨਾਮਜ਼ਦ ਕਰਦਾ ਹਾਂ ਅਤੇ ਇਸ ਮਹਾਂਮਾਰੀ ਦੇ ਪ੍ਰੋਕੋਪ ਤੋਂ ਬਚਣ ਲਈ ਸਮੇਂ-ਸਮੇਂ ਤੇ ਭਾਰਤ ਸਰਕਾਰ ਅਤੇ ਸੂਬਾ ਸਰਕਾਰ ਵਲੋਂ ਕੋਵਿਡ-19 ਤਹਿਤ ਆਮ ਜਨਤਾ ਨੂੰ ਜਾਗਰੂਕ ਕਰਨ ਲਈ Annexure-1 (National Directives for COVID-19 Management) ਅਤੇ Annexure-II (Standard Operating Procedure for Social Distancing for Office, Workplace, Factories and Establishments) (ਕਾਪੀ ਨੱਥੀ) ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ ਅਤੇ ਉਹਨਾਂ ਦੀ ਪਾਲਣਾ ਹਰ ਪਰਿਵਾਰ/ਅਦਾਰੇ ਪਾਸੋਂ ਕਰਵਾਉਣ ਲਈ ਹੇਠ ਅਨੁਸਾਰ ਇਹਨਾਂ ਦੀਆਂ ਡਿਊਟੀਆਂ ਲਗਾਈਆਂ ਜਾਂਦੀਆਂ ਹਨ:-

| ਲੜੀ ਨੰ: | ਸਬੰਧਤ ਅਧਿਕਾਰੀ/ਕਰਮਚਾਰੀ | ਡਿਊਟੀ ਦਾ ਵੇਰਵਾ | ਵਿਸ਼ੇਸ਼ ਕਥਨ |
|---|---|---|---|
| 01 | ਵਧੀਕ ਡਿਪਟੀ ਕਮਿਸ਼ਨਰ (ਜ), ਪਠਾਨਕੋਟ-ਕਮ- ਵਧੀਕ ਜਿਲ੍ਹਾ ਚੋਣਕਾਰ ਅਫਸਰ, ਪਠਾਨਕੋਟ | ਇਹ COVID-19 Awareness & Monitoring Control Room ਦੀ ਸੁਪਰਵੀਜ਼ਨ ਕਰਨਗੇ। | -- |
| 02 | ੳ) ਉਪ ਮੰਡਲ ਮੈਜਿਸਟਰੇਟ-ਕਮ-ਰਿਟਰਨਿੰਗ ਅਫਸਰ, ਹਲਕਾ, ਪਠਾਨਕੋਟ<br><br>ਅ) ਉਪ ਮੰਡਲ ਮੈਜਿਸਟਰੇਟ-ਕਮ-ਰਿਟਰਨਿੰਗ ਅਫਸਰ, ਹਲਕਾ ਸੁਜਾਨਪੁਰ।<br><br>ੲ) ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ- ਰਿਟਰਨਿੰਗ ਅਫਸਰ, ਹਲਕਾ ਭੋਆ | ਇਹ ਅਧਿਕਾਰੀ COVID-19 Awareness & Monitoring Programme ਲਾਗੂ ਕਰਨ ਲਈ ਆਪਣੇ-ਆਪਣੇ ਹਲਕੇ ਦੇ ਓਵਰਆਲ ਇੰਚਾਰਜ ਹੋਣਗੇ। | -- |
| 03 | **ੳ)** ਸ਼੍ਰੀ ਨਰੇਸ਼ ਮਹਾਜਨ, ਨਿਗਰਾਨ ਇੰਜੀਨੀਅਰ-ਕਮ- ਨੋਡਲ ਅਫਸਰ, ਸਵੀਪ (ਜਿਲ੍ਹਾ ਪੱਧਰ ਤੇ)<br><br>**ਅ)** ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ)-ਕਮ- ਸਹਾਇਕ ਨੋਡਲ ਅਫਸਰ, ਸਵੀਪ (ਜਿਲ੍ਹਾ ਪੱਧਰ ਤੇ) | ਇਹ ਅਧਿਕਾਰੀ COVID-19 Awareness & Monitoring Programme ਤਹਿਤ ਜਾਗਰੂਕਤਾ ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪ੍ਰੋਗਰਾਮ ਉਲਿਕਣਗੇ। | ਸਮੂਹ ਤਿੰਨਾਂ ਹਲਕਿਆਂ (ਪਠਾਨਕੋਟ, ਸੁਜਾਨਪੁਰ, ਭੋਆ) ਵਿੱਚ ਤੈਨਾਤ ਸਵੀਪ ਅਧਿਕਾਰੀ ਇਸ ਪ੍ਰੋਗਰਾਮ ਨੂੰ ਚਲਾਉਣ ਲਈ ਨੋਡਲ ਅਫਸਰ, ਸਵੀਪ ਪਠਾਨਕੋਟ ਨੂੰ ਸਹਿਯੋਗ ਦੇਣਗੇ। |

| | | | |
|---|---|---|---|
| | ੲ) ਬੀ.ਡੀ.ਪੀ.ੳ ਪਠਾਨਕੋਟ-ਕਮ-ਸਹਾਇਕ ਨੋਡਲ ਅਫਸਰ, ਸਵੀਪ (ਜਿਲ੍ਹਾ ਪੱਧਰ ਤੇ) | | |
| 04 | ਚੋਣ ਤਹਿਸੀਲਦਾਰ | ਇਹ ਅਧਿਕਾਰੀ COVID-19 Awareness & Monitoring Programme ਦੇ ਬਤੌਰ ਕੰਟਰੋਲਿੰਗ ਅਫਸਰ ਹੋਣਗੇ ਅਤੇ ਇਹਨਾਂ ਦੇ ਦਫਤਰ ਵਿੱਚ ਬਣਾਏ ਗਏ ਕੰਟਰੋਲ ਰੂਮ ਦੇ ਇੰਚਾਰਜ ਹੋਣਗੇ ਅਤੇ ਕੰਟਰੋਲ ਰੂਮ ਤੇ ਲੋੜ ਅਨੁਸਾਰ ਅਮਲੇ ਦੀ ਤੈਨਾਤੀ ਕਰਨਗੇ। | -- |
| 05 | ਸਮੂਹ ਚੋਣ ਸੁਪਰਵਾਈਜ਼ਰ | ਇਹ COVID-19 Awareness & Monitoring Programme ਲਈ ਬਤੌਰ Awareness & Monitoring Supervisior ਵਜੋਂ ਡਿਊਟੀ ਨਿਭਾਉਣਗੇ। | |
| 06 | ਸਮੂਹ ਬੀ.ਐਲ.ਓਜ਼ | ਇਹ COVID-19 Awareness & Monitoring Programme ਲਈ ਆਪਣੇ-ਆਪਣੇ ਬੂਥ ਪੱਧਰ ਦੇ ਬਤੌਰ Awareness & Monitoring Officer ਡਿਊਟੀ ਨਿਭਾਉਣਗੇ। | ਆਮ ਜਨਤਾ ਨੂੰ ਆਪਣੇ ਮੋਬਾਇਲ ਫੋਨਾਂ ਵਿੱਚ COVA APP ਅਤੇ Aarogya Setu App ਡਾਊਨਲੋਡ ਕਰਨਾ ਯਕੀਨੀ ਬਣਾਇਆ ਜਾਵੇ। |

ਜਿਲ੍ਹਾ ਚੋਣ ਦਫਤਰ, ਪਠਾਨਕੋਟ ਵਿਖੇ ਕੋਵਿਡ-19 Awareness & Monitoring Control Room ਦੀ ਸਥਾਪਨਾ ਕੀਤੀ ਜਾਂਦੀ ਹੈ **(0186-1950 ਅਤੇ 0186-2970962)** ਅਤੇ ਜਿਲ੍ਹੇ ਵਿੱਚ ਸਮੂਹ ਪੋਲਿੰਗ ਬੂਥ COVID-19 Awareness & Monitoring Booths ਵਜੋਂ ਕੰਮ ਕਰਨਗੇ।

ਮਿਤੀ: 02/05/2020

**(ਗੁਰਪ੍ਰੀਤ ਸਿੰਘ ਖਹਿਰਾ) ਆਈ.ਏ.ਐਸ**
**ਜਿਲ੍ਹਾ ਮੈਜਿਸਟਰੇਟ, ਪਠਾਨਕੋਟ।**

ਪਿੱਠ ਅੰਕਣ ਨੰ: ਐਮ.ਏ/ 2735-51

ਮਿਤੀ: 02/05/2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
2) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
3) ਵਧੀਕ ਡਿਪਟੀ ਕਮਿਸ਼ਨਰ (ਜਨਰਲ/ਵਿਕਾਸ), ਪਠਾਨਕੋਟ।
4) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲ੍ਹਾਂ।
5) ਸਹਾਇਕ ਕਮਿਸ਼ਨਰ (ਜ) , ਪਠਾਨਕੋਟ।
6) ਜਿਲ੍ਹਾ ਮਾਲ ਅਫਸਰ, ਪਠਾਨਕੋਟ।
7) ਤਹਿਸੀਲਦਾਰ, ਪਠਾਨਕੋਟ/ਧਾਰਕਲ੍ਹਾਂ।
8) ਸਮੂਹ ਨਾਇਬ ਤਹਿਸੀਲਦਾਰ, ਜਿਲ੍ਹਾ ਪਠਾਨਕੋਟ।
9) ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਪਠਾਨਕੋਟ।
10) ਚੋਣ ਤਹਿਸੀਦਾਰ, ਪਠਾਨਕੋਟ।
11) ਸਮੂਹ ਬੀ.ਡੀ.ਪੀ.ਓਜ਼, ਜਿਲ੍ਹਾ ਪਠਾਨਕੋਟ।

12) ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਪਠਾਨਕੋਟ।

13) ਕਾਰਜ ਸਾਧਕ ਅਫਸਰ, ਨਗਰ ਕੌਂਸਲ, ਸੁਜਾਨਪੁਰ।

14) ਸਮੂਹ ਸਬੰਧਤ ਅਧਿਕਾਰੀ।

(ਗੁਰਪ੍ਰੀਤ ਸਿੰਘ ਖਹਿਰਾ) ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।